ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ , ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ ,
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ), ਪੰਜਾਬ,
ਸਮੂਹ ਸਕੂਲ ਮੁੱਖੀ,

ਮੀਮੋ ਨੰ: 20/5-2013 ਵਜੀਫਾ(2)
ਮਿਤੀ 10-10-2016

ਵਿਸ਼ਾਂ – ਪ੍ਰਮੋਸਨ ਆਫ ਅਜੂਕੇਸਨ ਅਮੰਗ ਅਜੂਕੇਸਨਲੀ ਬੈਕਵਰਡ ਕਲਾਸਜ(ਰਾਜ ਵਿਦਿਅਕ ਭਲਾਈ ਸਕੀਮ ਤਹਿਤ 10ਵੀ ਸ੍ਰੇਣੀ ਦੇ ਐਸ.ਸੀ./ਬੀ.ਸੀ.ਵਿਦਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ।

1 ਉਪਰੋਕਤ ਵਿਸ਼ੇ ਅਤੇ ਸਕੀਮ ਲਈ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਰਾਜ ਵਿਦਿਅਕ ਭਲਾਈ ਸਕੀਮ ਅਧੀਨ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਅਧੀਨ 10ਵੀਂ ਸ੍ਰੇਣੀ ਦੇ ਉਹੀ ਐਸ.ਸੀ. ਵਿਦਿਆਰਥੀ ਕਵਰ ਕੀਤੇ ਜਾਣੇ ਹਨ ਜਿੰਨਾ ਦੇ ਮਾਪਿਆਂ ਦੀ ਆਮਦਨ ਹੱਦ 50,000/- ਰੁ: ਤੋਂ ਘੱਟ ਹੋਵੇ।

2 ਇਸ ਸਕੀਮ ਅਧੀਨ ਕੇਵਲ ਉਹਨਾਂ ਬੀ.ਸੀ. ਵਿਦਿਆਰਥੀਆਂ ਨੂੰ ਕਵਰ ਕੀਤਾ ਜਾਣਾ ਹੈ, ਜਿੰਨਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਹੱਦ 24,000/- ਰੁ: ਤੋਂ ਘੱਟ ਹੈ।

3 ਇਸ ਲਈ ਪ੍ਰੀਖਿਆ ਫੀਸ ਦੀ ਪ੍ਰਤੀ ਪੂਰਤੀ ਸਕੀਮ ਅਧੀਨ ਐਸ.ਸੀ. ਵਿਦਿਆਰਥੀ ਜਿੰਨਾ ਦੇ ਮਾਪਿਆਂ ਦੀ ਆਮਦਨ ਹੱਦ 50,000/- ਰੁ: ਤੱਕ ਹੋਵੇ ਅਤੇ ਬੀ.ਸੀ. ਵਿਦਿਆਰਥੀ ਜਿੰਨੇ ਦੇ ਮਾਪਿਆਂ ਦੀ ਆਮਦਨ ਹੱਦ 24,000/- ਰੁ: ਤੱਕ ਹੋਵੇ , ਨੂੰ ਹੀ

ਕਵਰ ਕੀਤਾ ਜਾਣਾ ਹੈ। ਜਿਸਦੀ ਪ੍ਰਤੀ ਪੂਰਤੀ ਭਲਾਈ ਵਿਭਾਗ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਜਾਵੇਗੀ।ਸਾਲ 2016-17 ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰੀਖਿਆ ਫਾਰਮ ਭਰਨ ਸਮੇਂ ਇਹਨਾਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

10/10/16

ਵਿਸ਼ੇਸ ਕਾਰਜ ਅਫਸਰ (ਵਜੀਫਾ)

ਪਿਠ ਅੰਕਣ ਉਕਤ ਮਿਤੀ ਉਕਤ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਕੂਲ ਸਿੱਖਯਾ ਬੋਰਡ , ਮੋਹਾਲੀ ।
2. ਡਾਇਰੈਕਟਰ, ਅਨੁਸੂਚਿਤ ਜਾਤੀਆ ਅਤੇ ਪੱਛੜੀਆਂ ਸ਼੍ਰੇਣੀਆ, ਭਲਾਈ ਵਿਭਾਗ , ਸੈਕਟਰ 34 ਚੰਡੀਗੜ੍ਹ,

10/10/16

ਵਿਸ਼ੇਸ ਕਾਰਜ ਅਫਸਰ (ਵਜੀਫਾ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ।

ਪੱਤਰ ਨੰ:ਜੀ-6/2016- 4569 ਮਿਤੀ :- 12-10-2016

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ। 12/10/16